ਅਨੁਲੱਗ - ੳ

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਪੁੱਡਾ ਭਵਨ,

ਸੈਕਟਰ-62, ਐਸ.ਏ.ਐਸ.ਨਗਰ

(ਤਾਲਮੇਲ ਸਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2012/ 31885-91 ਮਿਤੀ: 7-8-2012

ਸੇਵਾ ਵਿਖੇ

1) ਮੁੱਖ ਸਕੱਤਰ, ਪੰਜਾਬ ਸਰਕਾਰ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

4) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।

5) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ ।

7) ਮੁੱਖ ਨਗਰ ਯੋਜਨਾਕਾਰ, ਪੰਜਾਬ
ਐਸ.ਏ.ਐਸ.ਨਗਰ।

ਵਿਸ਼ਾ: - **ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ ਤੇਰਵੀਂ ਮੀਟਿੰਗ ਸਬੰਧੀ।**

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ( ਗਮਾਡਾ) ਦੀ 13ਵੀਂ ਮੀਟਿੰਗ ਜੋ ਮਿਤੀ 18-7-2012 ਨੂੰ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਨੱਥੀ/ਉਪਰੋਕਤ ਅਨੁਸਾਰ ।

ਵਧੀਕ ਮੁੱਖ ਪ੍ਰਸਾਸਕ(ਮੁ:ਦ:)।

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2012/ 31892 ਮਿਤੀ: 7/8/2012

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 13ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਵਿਸੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਜੀ ਨੂੰ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾਂ ਹਿੱਤ ਜੀ।

ਵਧੀਕ ਮੁੱਖ ਪ੍ਰਸਾਸਕ(ਮੁ:ਦ:)।

✓

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2012/ 31893 ਮਿਤੀ: 7/8/2012

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 13ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਪ੍ਰਮੁੱਖ ਸਕੱਤਰ/ਉਪ ਮੁੱਖ ਮੰਤਰੀ, ਪੰਜਾਬ, ਜੀ ਨੂੰ ਉਪ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾਂ ਹਿੱਤ ਜੀ।

ਵਧੀਕ ਮੁੱਖ ਪ੍ਰਸ਼ਾਸਕ(ਮੁ:ਦ:)।

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2012/ 31894 ਮਿਤੀ: 7/8/2012

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 13ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਮੁੱਖ ਤਾਲਮੇਲ ਅਫਸਰ, ਨੋਡਲ ਦਫਤਰ ਜੀ ਦੀ ਸੂਚਨਾਂ ਹਿੱਤ ਜੀ।

ਵਧੀਕ ਮੁੱਖ ਪ੍ਰਸ਼ਾਸਕ(ਮੁ:ਦ:)।

3

ਵਿਸ਼ਾ:- ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 18-7-2012 ਨੂੰ ਦੁਪਹਿਰ 12.40 ਵਜੇ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 13ਵੀਂ ਮੀਟਿੰਗ ਦੀ ਕਾਰਵਾਈ ਬਾਰੇ ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 18-7-2012 ਨੂੰ ਗਮਾਡਾ ਅਥਾਰਟੀ ਦੀ 13ਵੀਂ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ :-

1) ਸ਼੍ਰੀ ਸੁਖਬੀਰ ਸਿੰਘ ਬਾਦਲ,
ਉਪ-ਮੁੱਖ ਮੰਤਰੀ, ਪੰਜਾਬ।

2) ਸ਼੍ਰੀ ਰਾਕੇਸ਼ ਸਿੰਘ, ਆਈ.ਏ.ਐਸ,
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

3) ਸ਼੍ਰੀ ਐਸ.ਕੇ. ਸੰਧੂ, ਆਈ.ਏ.ਐਸ.,
ਪ੍ਰਮੁੱਖ ਸਕੱਤਰ/ਮੁੱਖ-ਮੰਤਰੀ, ਪੰਜਾਬ,
ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ ।

4) ਸ਼੍ਰੀ ਸਰਵਜੀਤ ਸਿੰਘ, ਆਈ.ਏ.ਐਸ.,
ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ ।

5) ਸ਼੍ਰੀ ਦਲੀਪ ਕੁਮਾਰ, ਆਈ.ਏ.ਐਸ.,
ਸਕੱਤਰ, ਵਿੱਤ, ਪੰਜਾਬ।
(ਪ੍ਰਮੁੱਖ ਸਕੱਤਰ ਵਿੱਤ ਦਾ ਨੁਮਾਇੰਦਾ)

6) ਸ਼੍ਰੀ ਏ.ਕੇ. ਸਿਨਹਾ, ਆਈ.ਏ.ਐਸ.,
ਡਾਇਰੈਕਟਰ, ਸਥਾਨਕ ਸਰਕਾਰ,
ਪੰਜਾਬ, ਚੰਡੀਗੜ੍ਹ ।
(ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਦਾ ਨੁਮਾਇੰਦਾ)

ਪ

7) ਸ਼੍ਰੀ ਹਰਨੇਕ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ।

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਅਧਿਕਾਰੀ ਮੀਟਿੰਗ ਵਿੱਚ ਸ਼ਾਮਲ ਹੋਏ:-

1) ਸ਼੍ਰੀ ਮਨਜੀਤ ਸਿੰਘ ਬਰਾੜ, ਪੀ.ਸੀ.ਐਸ.,
ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ ।

2) ਸ਼੍ਰੀ ਪੰਕਜ ਬਾਵਾ,
ਜ਼ਿਲ੍ਹਾ ਨਗਰ ਯੋਜਨਾਕਾਰ,
ਗਮਾਡਾ, ਐਸ.ਏ.ਐਸ.ਨਗਰ ।

3) ਸ਼੍ਰੀ ਜਗਦੀਸ਼ ਕੁਮਾਰ,
ਸੀਨਅਰ ਲੇਖਾ ਅਫਸਰ,
ਗਮਾਡਾ, ਐਸ.ਏ.ਐਸ.ਨਗਰ ।

ਅਜੰਡੇ ਦੀਆਂ ਮੱਦਾਂ ਨੂੰ ਲੜੀਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

ਮੱਦ ਨੰ: 13.01

**ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ 12ਵੀਂ ਮੀਟਿੰਗ ਜੋ ਮਿਤੀ 17-12-2011 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਵਿਚਾਰ-ਵਟਾਂਦਰੇ ਉਪਰੰਤ ਸਰਵ-ਸੰਮਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਮੱਦ ਨੰ: 13.02

**ਗਮਾਡਾ ਅਥਾਰਿਟੀ ਮਿਤੀ 17-12-2011 ਨੂੰ ਹੋਈ 12ਵੀਂ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਕੀਤੀ ਗਈ ਕਾਰਵਾਈ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਿਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

<u>ਮੱਦ ਨੰ: 13.03</u>

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਜੋ ਮਿਤੀ 21-2-2012 ਨੂੰ ਹੋਈ, ਵਿੱਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸ਼ਨ ਬਾਰੇ।**

ਅਥਾਰਿਟੀ ਨੇ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਨੋਟ ਕਰਦੇ ਹੋਏ ਰੈਟੀਫਾਈ ਕੀਤਾ ਅਤੇ ਤਸੱਲੀ ਪ੍ਰਗਟਾਈ।

<u>ਮੱਦ ਨੰ: 13.04</u>

**ਅਰਬਨ ਅਸਟੇਟ ਵਿਖੇ ਉਸਾਰੇ ਗਏ ਰਿਹਾਇਸ਼ੀ ਮਕਾਨਾਂ ਅਤੇ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ/ਪੁੱਡਾ (ਹੁਣ ਗਮਾਡਾ) ਵੱਲੋਂ ਉਸਾਰੇ ਮਕਾਨਾਂ ਵਿੱਚ ਪ੍ਰੋਫੈਸ਼ਨਲ ਕੰਨਸਲਟੈਂਸੀ ਸਰਵਿਸ ਦੀ ਆਗਿਆ ਦੇਣ ਸਬੰਧੀ ਪਾਲਿਸੀ ਬਾਰੇ।**

ਅਥਾਰਟੀ ਵੱਲੋਂ ਮੱਦ ਅਗਲੀ ਮੀਟਿੰਗ ਲਈ ਮੁਲਤਵੀ ਕਰ ਦਿੱਤੀ ਗਈ।

<u>ਮੱਦ ਨੰ: 13.05</u>

**ਬਾਬਾ ਬੰਦਾ ਸਿੰਘ ਬਹਾਦਰ ਮੈਮੋਰੀਅਲ ਦੇ ਰੱਖ-ਰਖਾਵ ਲਈ ਗਮਾਡਾ ਵੱਲੋਂ ਅਮਲਾ ਤੈਨਾਤ ਕਰਨ ਬਾਰੇ।**

ਅਥਾਰਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਮੈਮੋਰੀਅਲ ਦੇ ਰੱਖ-ਰਖਾਵ ਲਈ ਸਾਰਾ ਕੰਮ ਕਿਸੇ ਫੈਸੀਲਿਟੀ ਮੈਨੇਜਮੈਂਟ (Facility Management) ਕੰਪਨੀ ਨੂੰ ਆਊਟ-ਸੋਰਸ ਕੀਤਾ ਜਾਵੇ।

ਜਿੱਥੋਂ ਤੱਕ ਅਜੰਡੇ ਵਿੱਚ ਦਰਸਾਈਆਂ ਗਈਆਂ ਅਸਾਮੀਆਂ ਭਰਨ ਦਾ ਸਬੰਧ ਹੈ, ਜਦ ਤੱਕ ਕੋਈ ਅਜਿਹੀ ਫੈਸੀਲਿਟੀ ਮੈਨੇਜਮੈਂਟ ਕੰਪਨੀ ਦੀ ਚੋਣ ਨਹੀਂ ਹੋ ਜਾਂਦੀ ਉਦੋਂ ਤੱਕ ਅਥਾਰਿਟੀ ਵੱਲੋਂ ਇਹ ਅਸਾਮੀਆਂ ਠੇਕੇ ਤੇ ਸਟਾਪ ਗੈਪ ਅਰੇਜਮੈਂਟ (Stop gap arrangement) ਰਾਹੀਂ ਭਰਨ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ।

ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਯਾਦਗਾਰ ਸਮਾਰਕ ਨੂੰ ਅਜਿਹੀਆਂ ਹੋਰ ਇਤਿਹਾਸਿਕ ਸੰਸਥਾਵਾਂ ਜਿਵੇਂ ਕਿ ਛੋਟਾ ਘੱਲੂਘਾਰਾ ਅਤੇ ਵੱਡਾ ਘੱਲੂਘਾਰਾ ਯਾਦਗਾਰੀ

ਸਮਾਰਕਾਂ ਆਦਿ ਦੇ ਨਾਲ ਇੱਕ ਪੈਕੇਜ ਬਣਾ ਕੇ ਇਹਨਾਂ ਥਾਂਵਾਂ ਦੀ ਮਹੱਤਤਾ ਬਾਰੇ ਲੋਕਾਂ ਨੂੰ ਜਾਗਰੁਕ ਕਰਨ ਲਈ ਲਾਈਟ ਅਤੇ ਸਾਊਂਡ ਪ੍ਰੋਗਰਾਮ ਆਦਿ ਦੀ ਵਿਵਸਥਾ ਕਰਨ ਲਈ ਕਿਸੇ ਚੰਗੀ ਕੰਪਨੀ ਦੀ ਟੈਂਡਰ ਰਾਂਹੀਂ ਚੋਣ ਕੀਤੀ ਜਾਵੇ। ਇਹ ਕੰਮ ਡਾਇਰੈਕਟਰ, ਸਭਿਆਚਾਰਕ ਮਾਮਲੇ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ। ~~ਇਸ ਸਬੰਧੀ ਇਹ ਸਾਰੇ ਕੰਮ ਕਾਜ ਦੀ ਦੇਖ-ਰੇਖ ਸ਼੍ਰੀ ਕੇ ਜੀ ਐਸ ਚੀਮਾ, ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ-ਮੰਤਰੀ ਵੱਲੋਂ ਕੀਤੀ ਜਾ ਰਹੀ ਹੈ।~~

<u>ਮੱਦ ਨੰ: 13.06</u>

**ਗਮਾਡਾ ਕਲਸਟਰ ਦੇ ਸੌਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ ਪਿੰਡ ਸਮਗੌਲੀ, ਤਹਿ: ਡੇਰਾਬਸੀ, ਜ਼ਿਲ੍ਹਾ ਐਸ.ਏ.ਐਸ.ਨਗਰ ਲਈ ਭੌਂ ਪ੍ਰਾਪਤ ਕਰਨ ਸਬੰਧੀ- ਰਕਬਾ 50.00 ਏਕੜ।**

ਅਥਾਰਿਟੀ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਇਹ ਮੱਦ ਪ੍ਰਵਾਨ ਕੀਤੀ ਗਈ। ਅਥਾਰਿਟੀ ਵੱਲੋਂ ਇਹ ਵੀ ਮਹਿਸੂਸ ਕੀਤਾ ਗਿਆ ਕਿ ਭੌਂ ਦੇ ਆਲੇ-ਦੁਆਲੇ ਜੋ ਗਰੀਨ ਬੈਲਟ ਸਥਾਪਤ ਕੀਤੀ ਜਾਣੀ ਹੈ, ਉਸਤੇ 10-15 ਫੁੱਟ ਉੱਚਾਈ ਵਾਲੇ ਬੂਟੇ ਲਗਾਏ ਜਾਣ।

<u>ਮੱਦ ਨੰ: 13.07</u>

**ਭੌਂ ਪ੍ਰਾਪਤ ਕਰਨ ਲਈ ਕੰਨਸਲਟੇਂਟ ਹਾਇਰ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

<u>ਮੱਦ ਨੰ: 13.08</u>

**ਮੁਹਾਲੀ ਵਿਖੇ ਰੈਜ਼ੀਡੈਂਟਸ ਵੈੱਅਫੇਅਰ ਐਸੋਸੀਏਸ਼ਨਾਂ ਨੂੰ ਦੇਖਭਾਲ ਹਿੱਤ ਸੌਂਪੀਆਂ ਪਾਰਕਾਂ ਦੇ ਰੇਟਾਂ ਵਿੱਚ ਵਾਧਾ ਕਰਨ ਸਬੰਧੀ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**<u>ਮੱਦ ਨੰ: 13.09</u>**

**ਪੂਰਬ ਪ੍ਰੀਮੀਅਮ ਅਪਾਰਟਮੈਂਟਸ, ਸੈਕਟਰ-88, ਮੁਹਾਲੀ ਵਿਖੇ ਉਸਾਰੇ ਜਾਣ ਵਾਲੇ ਫਲੈਟਾਂ ਸਬੰਧੀ ਮੁੱਦਿਆਂ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**<u>ਮੱਦ ਨੰ: 13.10</u>**

**ਐਸ.ਏ.ਐਸ.ਨਗਰ ਦੇ ਸੈਕਟਰ-66 ਬੀਟਾ, 82 ਐਲਫਾ, 83 ਐਲਫਾ, 101 ਐਲਫਾ ਵਿੱਚ ਪੈਂਦੇ ਲਗਭਗ 1686 ਏਕੜ ਨਾਲੇਜ ਪਾਰਕ ਵਿੱਚ ਰਿਹਾਇਸ਼ੀ ਪਲਾਟ ਅਲਾਟ ਕਰਨ ਲਈ ਸਕੀਮ ਲਾਂਚ ਕਰਨ ਬਾਰੇ।**

ਅਥਾਰਟੀ ਵੱਲੋਂ ਮੱਦ ਅਗਲੀ ਮੀਟਿੰਗ ਲਈ ਮੁਲਤਵੀ ਕਰ ਦਿੱਤੀ ਗਈ।

**<u>ਮੱਦ ਨੰ: 13.11</u>**

**ਨਿਊ ਚੰਡੀਗੜ੍ਹ ਵਿਖੇ ਮੈਡੀਸਿਟੀ ਫੇਜ਼-2 ਦੀ ਸਥਾਪਨਾ ਵਾਸਤੇ ਲਗਭਗ 150 ਏਕੜ ਭੌਂ ਪ੍ਰਾਪਤ ਕਰਨ ਬਾਰੇ।**

ਅਥਾਰਟੀ ਵੱਲੋਂ ਮੱਦ ਅਗਲੀ ਮੀਟਿੰਗ ਲਈ ਮੁਲਤਵੀ ਕਰ ਦਿੱਤੀ ਗਈ।

**<u>ਮੱਦ ਨੰ: 13.12</u>**

**ਨਿਊ ਚੰਡੀਗੜ੍ਹ ਵਿੱਚ ਪੈਂਦੀਆਂ ਮਹੱਤਵ-ਪੂਰਨ ਮਾਸਟਰ ਪਲੈਨ ਸੜ੍ਹਕਾਂ ਦੀ ਉਸਾਰੀ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

<u>ਮੱਦ ਨੰ: 13.13</u>

**ਅਜੀਤ ਸਿੰਘ ਨਗਰ ਵਿਖੇ ਅੰਤਰ-ਰਾਸ਼ਟਰੀ ਪੱਧਰ ਦਾ ਐਕਸਪੋ ਸੈਂਟਰ ਸਥਾਪਿਤ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

<u>ਮੱਦ ਨੰ: 13.14</u>

**ਬਸ ਟਰਮੀਨਲ-ਕਮ-ਕਮਰਸ਼ੀਅਲ ਕੰਪਲੈਕਸ ਦੀ ਉਸਾਰੀ ਦੀ ਤਾਜ਼ਾ ਸਥਿਤੀ ਬਾਰੇ।**

ਅਥਾਰਿਟੀ ਵੱਲੋਂ ਵਿਚਾਰ-ਵਟਾਂਦਰੇ ਦੌਰਾਨ ਫੈਸਲਾ ਕੀਤਾ ਗਿਆ ਕਿ ਮੱਦ ਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਕਾਨੂੰਨੀ ਰਾਏ ਲੈ ਲਈ ਜਾਵੇ ਅਤੇ ਅਥਾਰਿਟੀ ਦੀ ਅਗਲੀ ਮੀਟਿੰਗ ਜਲਦੀ ਬੁਲਾ ਕੇ ਵਿਸ਼ੇ ਸਬੰਧੀ ਫੈਸਲਾ ਲੈ ਲਿਆ ਜਾਵੇ।

<u>ਮੱਦ ਨੰ: 13.15</u>

**ਮੁਹਾਲੀ ਸਿਟੀ ਸੈਂਟਰ ਦੇ ਵਿਕਾਸ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

<u>ਮੱਦ ਨੰ: 13.16</u>

**ਲੈਂਡ ਸਕੇਪਿੰਗ ਰਾਂਹੀਂ ਮੁਹਾਲੀ ਸ਼ਹਿਰ ਦੀਆਂ ਮਹੱਤਵਪੂਰਨ ਸੜਕਾਂ ਦੀ ਦਿੱਖ ਖੂਬਸੂਰਤ ਬਨਾਉਣ ਬਾਰੇ।**

ਅਥਾਰਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਪ੍ਰਵਾਨ ਕੀਤੀ ਗਈ ਅਤੇ ਨਾਲ ਹੀ ਇਹ ਵੀ ਮਹਿਸੂਸ ਕੀਤਾ ਗਿਆ ਕਿ ਜਦੋਂ ਵੀ ਟੈਂਡਰ ਲਾਇਆ ਜਾਵੇ ਉਸ ਵਿੱਚ ਸਕੋਪ ਆਫ ਵਰਕ ਨੂੰ ਵਧਾਉਣ ਦਾ ਉਪਬੰਧ ਕਰ ਲਿਆ ਜਾਵੇ ਤਾਂ ਜੋ ਵਾਰ-ਵਾਰ ਟੈਂਡਰ ਕਰਨ ਦੀ ਲੋੜ ਨਾ ਪਵੇ।

Ram

<u>ਮੱਦ ਨੰ: 13.17</u>

**ਸਿਟੀ ਸੈਂਟਰ, ਸੈਕਟਰ-62, ਅਜੀਤਗੜ੍ਹ ਵਿਖੇ ਆਡੀਟੋਰੀਅਮ ਅਤੇ ਮਿਊਜ਼ਿਕ ਅਕੈਡਮੀ ਦੀ ਉਸਾਰੀ ਸਬੰਧੀ ਸੋਧੀ ਹੋਈ ਲਾਗਤ ਦੀ ਪ੍ਰਵਾਨਗੀ ਬਾਰੇ।**

ਅਥਾਰਟੀ ਵੱਲੋਂ ਮੱਦ ਅਗਲੀ ਮੀਟਿੰਗ ਲਈ ਮੁਲਤਵੀ ਕਰ ਦਿੱਤੀ ਗਈ।

<u>ਮੱਦ ਨੰ: 13.18</u>

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਵੱਖ-ਵੱਖ ਸ਼੍ਰੇਣੀ ਦੇ ਪਲਾਟਾਂ ਦੀ ਆਧਾਰ ਕੀਮਤ ਨਿਰਧਾਰਤ ਕਰਨ ਬਾਰੇ।**

ਅਥਾਰਟੀ ਵੱਲੋਂ ਮੱਦ ਅਗਲੀ ਮੀਟਿੰਗ ਲਈ ਮੁਲਤਵੀ ਕਰ ਦਿੱਤੀ ਗਈ।

<u>ਮੱਦ ਨੰ: 13.19</u>

**ਸਪਾਈਨਲ ਇੰਜਰੀ ਸੈਂਟਰ, ਸੈਕਟਰ-70, ਐਸ.ਏ.ਐਸ.ਨਗਰ ਨੂੰ ਫੰਡਜ਼ ਜਾਰੀ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ: 13.20</u>

**Approval of Annual Statement for the year ending 31.3.2011.**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

<u>ਮੱਦ ਨੰ: 13.21</u>

**Budget Estimates for the year 2011-12 and Budget Estimates for the year 2012-13.**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

<u>ਸਪਲੀਮੈਂਟਰੀ ਅਜੰਡਾ ਆਈਟਮ ਨੰ: 13.22</u>

**ਮੁੱਲਾਂਪੁਰ ਵਿਖੇ ਮੈਡੀਸਿਟੀ ਵਿੱਚ ਕੇਂਦਰ ਸਰਕਾਰ ਦੇ ਪ੍ਰਮਾਣੂ ਊਰਜਾ ਵਿਭਾਗ ਨੂੰ ਕੈਂਸਰ ਦੇ ਹਸਪਤਾਲ ਲਈ 50 ਏਕੜ ਭੌਂ ਮੁਫਤ ਅਲਾਟ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਹੋਈ।

ਮੁੱਖ ਮੰਤਰੀ,
ਪੰਜਾਬ।